# ਧੋਖੇ ਤੋਂ ਬਚੋ, ਸਾਵਧਾਨ, ਸਿੱਖ ਸੰਗਤਾਂ ਸੁਚੇਤ ਰਹਿਣ

ਗੁਰੂ ਪਿਆਰੀ ਸਾਧ ਸੰਗਤ ਜੀ, ਜੂਨ ੧੯੮੪ ਵਿੱਚ ਸਾਕਾ ਨੀਲਾ ਤਾਰਾ ਅਤੇ ਨਵੰਬਰ ੧੯੮੪ ਦੰਗਿਆਂ ਦੇ ਰੂਪ ਵਿੱਚ ਸਿੱਖ ਕੌਮ ਨੂੰ ਮਾਰ ਮੁਕਾਉਣ ਦੀਆਂ ਅਸਫਲ ਕੋਸ਼ੀਸ਼ਾਂ ਕਰਣ ਵਾਲੀਆਂ ਸਿੱਖ ਵਿਰੋਧੀ ਬ੍ਰਾਹਮਣਵਾਦੀ ਤਾਕਤਾਂ ਪਿਛਲੇ ਲੰਬੇ ਅਰਸੇ ਤੋਂ ਰਾਸ਼ਟ੍ਰੀਯ ਸੁਵੈਮ ਸੇਵਕ ਸੰਘ ਦੁਆਰਾ ਬਣਾਈ ਗਈ ਰਾਸ਼ਟ੍ਰੀਯ ਸਿੱਖ ਸੰਗਤ ਦੇ ਰੂਪ ਵਿੱਚ ਸਿੱਖ ਪੰਥ ਨੂੰ ਮਾਨਸਿਕ, ਬੌਧਿਕ, ਵਿਚਾਰਕ, ਸਿਧਾਂਤਿਕ ਪੱਧਰ ਤੇ ਬ੍ਰਾਹਮਣਵਾਦੀ ਕਰਮਕਾਂਡੀ ਵਿਚਾਰਧਾਰਾ ਦੇ ਖਾਰੇ ਸਮੁੰਦਰ ਵਿੱਚ ਡੁਬੋ ਕੇ ਹਮੇਸ਼ਾ ਲਈ ਖ਼ਤਮ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਜਨਵਰੀ ੨੦੦੧ ਵਿੱਚ ਜਦੋਂ ਇਸ ਅਖੌਤੀ ਰਾਸ਼ਟ੍ਰੀਯ ਸੁਵੈਮ ਸੇਵਕ ਸੰਘ ਨੇ ਪੰਜਾਬ ਦੇ ਮੰਦਰਾਂ ਵਿੱਚ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਲੈ ਜਾਣ ਅਤੇ ਅਖੰਡ ਪਾਠ ਸਾਹਿਬ ਰੱਖਣ ਦੀ ਯੋਜਨਾ ਬਣਾਈ ਸੀ ਤਾਂ ਉਸ ਸਮੇਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਸਿੱਖ ਸੰਗਤਾਂ ਨੂੰ ਇਹਨਾਂ ਦਾ ਪੁਰਜੋਰ ਵਿਰੋਧ ਕਰਨ ਅਤੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦਾ ਸੰਦੇਸ਼ ਜਾਰੀ ਕੀਤਾ ਗਿਆ ਸੀ, ਜਿਸ ਤੋਂ ਭੈਭੀਤ ਹੋ ਕੇ ਇਹਨਾਂ ਨਿੱਕਰ ਧਾਰੀਆਂ ਨੇ ਕੁਝ ਸਮੇਂ ਲਈ ਆਪਣੀ ਇਹ ਯੋਜਨਾ ਟਾਲ ਦਿੱਤੀ ਸੀ ।

ਜੁਲਾਈ ੨੦੦੧ ਵਿੱਚ ਇਹਨਾਂ ਸਾਜ਼ੀਸ਼ੀ, ਸ਼ਰਾਰਤੀ ਨਿੱਕਰ ਧਾਰੀਆਂ ਦੇ ਕੁੱਝ ਅਖੌਤੀ ਅਤੇ ਵਿਕਾਊ ਕਿਸਮ ਦੇ ਸਿੱਖ ਸਾਥੀਆਂ ਨੇ ਇੰਦੌਰ ਦਾ ਮਾਹੌਲ ਖਰਾਬ ਕਰਣ ਲਈ ਇੰਦੌਰ ਦੇ ਗੁਰਦੁਆਰਿਆਂ ਵਿੱਚ **'ਪਾਥੇਯ-ਕਣ'** ਨਾਮ ਦੀ ਇੱਕ ਮੈਗਜ਼ੀਨ ਵੰਡਵਾਈ। ਇਸ ਮੈਗਜ਼ੀਨ ਵਿੱਚ ਸਿੱਖ ਸਿਧਾਂਤਾਂ, ਸਿੱਖ ਵਿਚਾਰਾਂ ਬਾਰੇ ਬਕਵਾਸ ਲਿਖੀ ਹੋਈ ਸੀ। ਜਿਸ ਦੇ ਕਾਰਣ ਰੋਸ਼ ਵਿੱਚ ਆਈਆਂ ਸਿੱਖ ਸੰਗਤਾਂ ਨੇ ਗੁਰੁਦੁਆਰਾ ਇਮਲੀ ਸਾਹਿਬ ਦੇ ਸਾਹਮਣੇ ਇਸ ਮੈਗਜ਼ੀਨ ਦੀਆਂ ਕਾਪੀਆਂ ਨੂੰ ਅਗਨ ਭੇਂਟ ਕੀਤਾ ਅਤੇ ਸ਼੍ਰੀ ਗੁਰੂ ਸਿੰਘ ਸਭਾ ਦੀ ਅਗਵਾਈ ਵਿੱਚ ਇਹ ਮਤਾ ਪਾਸ ਕੀਤਾ ਕਿ ***"ਰਾਸ਼ਟ੍ਰੀਯ ਸਿੱਖ ਸੰਗਤ ਨਾ ਤਾਂ ਰਾਸ਼ਟ੍ਰੀਯ ਹੈ ਨਾ ਹੀ ਸਿੱਖ ਹੈ ਨਾ ਸੰਗਤ ਹੈ ਇਹ ਸਮਾਜ ਵਿਰੋਧੀ ਲੋਕ ਹਨ ਕੋਈ ਵੀ ਸਿੱਖ ਇਹਨਾਂ ਦਾ ਸਾਹਿੱਤ ਆਪਣੇ ਘਰਾਂ ਵਿੱਚ ਨਾ ਰੱਖੇ ।"*** ਇੰਦੌਰ ਦੀਆਂ ਪ੍ਰਮੁੱਖ ਸਿੱਖ ਜੱਥੇਬੰਦੀਆਂ ਅਤੇ ਧਾਰਮਿਕ, ਸਮਾਜਿਕ ਸ਼ਖਸ਼ੀਅਤਾਂ ਦੀ ਮੌਜੂਦਗੀ ਵਿੱਚ ਅਖੌਤੀ ਰਾਸ਼ਟ੍ਰੀਯ ਸਿੱਖ ਸੰਗਤ ਦੇ ਇੰਦੌਰ ਅਤੇ ਮੱਧ ਪ੍ਰਦੇਸ਼ ਦੇ ਆਗੂਆਂ ਰਣਜੀਤ ਸਿੰਘ ਆਹੂਜਾ, ਬਲਬੀਰ ਸਿੰਘ ਖਨੂਜਾ, ਸੇਵਕ ਸਿੰਘ ਖਨੂਜਾ, ਇੰਦਰਜੀਤ ਸਿੰਘ ਖਨੂਜਾ, ਅਜੀਤ ਸਿੰਘ ਨਾਰੰਗ ਤੇ ਕਈਆਂ ਹੋਰਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇਹ ਵਾਅਦਾ ਕੀਤਾ ਸੀ ਕਿ ਉਹ ਰਾਸ਼ਟ੍ਰੀਯ ਸਿੱਖ ਸੰਗਤ ਤੋਂ ਇਸਤੀਫੇ ਦੇ ਰਹੇ ਹਨ।

ਲੇਕਿਨ, ਜੁਲਾਈ-ਅਗਸਤ ੨੦੦੪ ਵਿੱਚ ਜਦੋਂ ਰਾਸ਼ਟ੍ਰੀਯ ਸਿੱਖ ਸੰਗਤ ਅਤੇ ਰਾਸ਼ਟ੍ਰੀਯ ਸੁਐਮ ਸੇਵਕ ਸੰਘ ਨੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦ ਸਾਲਾਂ ਪ੍ਰਕਾਸ਼ ਪੂਰਬ ਸਮੇਂ ਦੇਸ਼ ਭਰ ਵਿੱਚ ਪੰਜ ਵੱਖ-ਵੱਖ ਯਾਤ੍ਰਾਵਾਂ ਕੱਢ ਕੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰਣ ਦੀ ਯੋਜਨਾ ਬਣਾਈ ਤਾਂ ਇੰਦੌਰ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਇਹਨਾਂ ਯਾਤ੍ਰਾਵਾਂ ਦੇ ਸੁਆਗਤ ਵਿੱਚ ਰਿਹਾਇਸ਼ ਅਤੇ ਹੋਰ ਸਾਰੇ ਪ੍ਰਬੰਧਾਂ ਲਈ ਇੰਦੌਰ ਨਿਵਾਸੀ ਰਾਸ਼ਟ੍ਰੀਯ ਸਿੱਖ ਸੰਗਤ ਦੇ ਉਹੀ ਅਖੌਤੀ ਸਿੱਖ ਆਗੂ ਕੰਮ ਕਰਦੇ ਨਜ਼ਰ ਆਏ ਜਿਹਨਾਂ ਨੇ ਕਿ ਪਾਥੇਯ ਕਣ ਮਾਮਲੇ ਦੇ ਸਮੇਂ ਇਸਤੀਫੇ ਦੇਣ ਦਾ ਵਾਅਦਾ ਕੀਤਾ ਸੀ । ਅਜੀਤ ਸਿੰਘ ਨਾਰੰਗ, ਰਣਜੀਤ ਸਿੰਘ ਆਹੂਜਾ ਸਿੰਘ ਸਭਾ ਇੰਦੌਰ ਦੇ ਜਸਬੀਰ ਸਿੰਘ ਗਾਂਧੀ ਅਤੇ ਮਨਮੋਹਨ ਸਿੰਘ ਟੁਟੇਜਾ ਨੇ ਤਾਂ ਬੜੀ ਬੇਸ਼ਰਮੀ ਨਾਲ ਅਨੇਕਾਂ ਸਿੱਖ ਜੱਥੇਬੰਦੀਆਂ ਦੇ ਪ੍ਰਤੀਨਿਧੀਆਂ ਸਾਹਮਣੇ ਇਹ ਹੰਕਾਰ ਭਰੇ ਲਫਜ਼ ਕਹੇ ਕਿ ਉਹ ਅਕਾਲ ਤਖ਼ਤ ਨਹੀ ਬਲਕਿ ਅਡਵਾਣੀ ਦੇ ਹੁਕਮ ਨੂੰ ਹੀ ਉਪਰਲਾ ਆਦੇਸ਼ ਸਮਝਦੇ ਹਨ।

੨੩ ਜੁਲਾਈ ੨੦੦੪ ਅਤੇ ੧੧ ਅਗਸਤ ੨੦੦੪ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਦੂਜੀ ਵਾਰ ਫਿਰ ਸਿੱਖ ਜਗਤ ਦੇ ਨਾਂ ਸੰਦੇਸ਼ ਜਾਰੀ ਕਰਕੇ ਸਿੱਖ ਸੰਗਤਾਂ ਨੂੰ ਇਹ ਆਦੇਸ਼ ਦਿੱਤਾ ਕਿ ਆਰ.ਐਸ.ਐਸ ਸਿੱਖ ਵਿਰੋਧੀ ਜੱਥੇਬੰਦੀ ਹੈ ਅਤੇ ਕੋਈ ਵੀ ਸਿੱਖ ਇਹਨਾਂ ਦੇ ਕਿਸੇ ਪ੍ਰੋਗ੍ਰਾਮ, ਸਮਾਗਮਾਂ ਜਾਂ ਕਾਰਵਾਈ ਵਿੱਚ ਕਿਸੇ ਪ੍ਰਕਾਰ ਦਾ ਕੋਈ ਸਹਿਯੋਗ ਨਾ ਕਰੇ ।

ਅਕਾਲ ਤਖ਼ਤ ਸਾਹਿਬ ਦੇ ਇਹਨਾਂ ਹੁਕਮਾਂ ਤੋਂ ਬਾਅਦ ਪੂਰੇ ਵਿਸ਼ਵ ਭਰ ਵਿੱਚ ਇਹਨਾਂ ਫਾਸਿਸਟ, ਬ੍ਰਾਹਮਣਵਾਦੀ, ਨਿੱਕਰ ਧਾਰੀਆਂ ਦੇ ਜ਼ਰਖਰੀਦ ਚਮਚੇ ਅਖੌਤੀ ਸਿੱਖ ਕਿਸੇ ਨੂੰ ਮੂੰਹ ਦਿਖਾਉਣ ਦੇ ਲਾਇਕ ਨਹੀਂ ਰਹੇ। ਅਤੇ ਰਾਸ਼ਟ੍ਰੀਯ ਸਿੱਖ ਸੰਗਤ ਦੇ ਬੈਨਰ ਹੇਠ ਸਿੱਖਾਂ ਵਿੱਚ ਕੋਈ ਵੀ ਪ੍ਰੋਗ੍ਰਾਮ ਕਰਨ ਦਾ ਇਹਨਾਂ ਦੀ ਯੋਜਨਾ ਹਮੇਸ਼ਾ ਲਈ ਖ਼ਤਮ ਹੋ ਗਈ ਅਤੇ ਕੁੱਝ ਸਮੇਂ ਲਈ ਇੰਦੌਰ ਵਿੱਚ ਵੀ ਬਹੁਤ ਸੋਹਣਾ ਅਤੇ ਸ਼ਾਂਤੀ ਭਰਪੂਰ ਮਾਹੌਲ ਬਣਿਆ ਰਿਹਾ। ਲੇਕਿਨ, ਅੰਦਰਖਾਤੇ ਆਰ.ਐਸ.ਐਸ ਦੇ ਪਿੱਠੂ ਬਣੇ ਇਹ ਸਾਰੇ ਲੋਗ ਰਾਸ਼ਟ੍ਰੀਯ ਸੁਵੈਮ ਸੇਵਕ ਸੰਘ ਦੇ ਪ੍ਰੋਗ੍ਰਾਮਾਂ ਵਿੱਚ ਸ਼ਾਮਿਲ ਹੁੰਦੇ ਰਹੇ ਅਤੇ ਅਨੇਕਾਂ ਹੀ ਵਾਰ ਇਹਨਾਂ ਸਾਰਿਆਂ ਦੇ ਫੋਟੋ ਰਾਸ਼ਟ੍ਰੀਯ ਸਿੱਖ ਸੰਗਤ ਦੇ ਮਾਸਿਕ ਪੱਤਰ ਸੰਗਤ ਸੰਸਾਰ ਵਿੱਚ ਪ੍ਰਕਾਸ਼ਿਤ ਹੋਏ।

ਲੇਕਿਨ ਸਮਾਜ ਕੰਟਕਾਂ ਨੂੰ ਭਲਾ ਸ਼ਾਂਤੀ ਕਿਵੇਂ ਭਾਉਂਦੀ ਹੈ? ਸ਼ੋ ਰਾਸ਼ਟ੍ਰੀਯ ਸਿੱਖ ਸੰਗਤ, ਇੰਦੌਰ ਦੇ ਲੀਡਰਾਂ ਨੇ ਇੰਦੌਰ ਅਤੇ ਮੱਧ ਪ੍ਰਦੇਸ਼ ਦੇ ਕੁੱਝ ਪਤਵੰਤੇ ਅਤੇ ਰਸੂਖਦਾਰ ਪ੍ਰੰਤੂ ਭੋਲੇ ਭਾਲੇ ਸਿੱਖ ਸੱਜਣਾਂ ਨੂੰ ਆਪਣੀਆਂ ਮਿੱਠੀਆਂ ਅਤੇ ਮੋਮੋਠੱਗਣੀਆਂ ਗੱਲਾਂ ਵਿੱਚ ਭਰਮਾ ਕੇ ਗੁਰੂ ਗ੍ਰੰਥ ਸਾਹਿਬ ਵਿਚਾਰ ਮੰਚ ਦੇ ਨਾਮ ਦੀ ਇੱਕ ਨਵੀਂ ਫਰਜੀ ਸੰਸਥਾ ਖੜੀ ਕਰਵਾ ਦਿੱਤੀ ।

ਇਹਨਾਂ ਭੋਲੇ ਭਾਲੇ ਸੱਜਣਾਂ ਦੇ ਮੋਢੇ ਤੇ ਰੱਖਕੇ ਰਾਸ਼ਟ੍ਰੀਯ ਸਿੱਖ ਸੰਗਤ ਦੇ ਸਾਜ਼ੀਸ਼ੀ ਆਗੂ ਇਸ ਨਵੀਂ ਬਣੀ ਸੰਸਥਾ ਗੁਰੂ ਗ੍ਰੰਥ ਸਾਹਿਬ ਵਿਚਾਰ ਮੰਚ ਦੀ ਆੜ ਵਿੱਚ ਅੰਦਰ ਖਾਤੇ ਰਾਸ਼ਟ੍ਰੀਯ ਸਿੱਖ ਸੰਗਤ ਦਾ ਸਿੱਖ ਵਿਰੋਧੀ ਏਜੰਡਾ ਲਾਗੂ ਕਰਵਾਉਣਾ ਚਾਹੁੰਦੇ ਹਨ।

ਇਸੀ ਸਾਜ਼ੀਸ਼ ਦੀ ਪਹਿਲੀ ਕੜੀ ਵੱਜੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇੱਕ ਕਥਿਤ ਅੰਤਰ ਰਾਸ਼ਟ੍ਰੀਯ ਸਤਰ ਦੀ ਦੱਸੀ ਜਾਂਦੀ ਕਾਂਨਫਰੈਂਸ ੧੦ ਤੋਂ ੧੨ ਫਰਵਰੀ ੨੦੦੭ ਨੂੰ ਇੰਦੌਰ ਵਿੱਖੇ ਕਰਵਾਉਣ ਦਾ ਢੋਂਗ ਰਚਿਆ ਜਾ ਰਿਹਾ ਹੈ ।

ਦਰਅਸਲ ਉਪਰੋਕਤ ਕਾਂਨਫਰੈਂਸ ਦਾ ਸਤਰ ਨਾ ਤਾਂ ਕਿਸੀ ਵੀ ਤਰ੍ਹਾਂ ਅੰਤਰ ਰਾਸ਼ਟ੍ਰੀਯ ਹੈ ਨਾ ਹੀ ਅੰਤਰ ਰਾਸ਼ਟ੍ਰੀਯ ਸਤਰ ਦਾ ਕੋਈ ਸਿੱਖ ਬੁਲਾਰਾ, ਪ੍ਰਚਾਰਕ ਜਾਂ ਵਿਦਵਾਨ ਇਸ ਕਾਂਨਫਰੈਂਸ ਵਿੱਚ ਆ ਰਿਹਾ ਹੈ।

ਜਿਹੜੇ ਬੁਲਾਰੇ, ਪ੍ਰਚਾਰਕ ਜਾਂ ਵਿਦਵਾਨ ਇਸ ਕਾਂਨਫਰੈਂਸ ਵਿੱਚ ਆ ਰਿਹੇ ਹਨ ਉਹਨਾਂ ਦੀ ਸਿੱਖ ਜਗਤ ਵਿੱਚ ਬਤੌਰ ਸਿੱਖ ਹਿਤੈਸ਼ੀ ਵਿਦਵਾਨ ਕੋਈ ਪੁੱਛ ਪਰਖ ਨਹੀ ਹੈ । ਇਹਨਾਂ ਵਿੱਚੋਂ ਕੁੱਝ ਤਾਂ ਬਹੁਤ ਹੀ ਸਪਸ਼ਟ ਅਤੇ ਸਿੱਧੇ ਰੂਪ ਵਿੱਚ ਸਿੱਖ ਵਿਰੋਧੀ, ਬ੍ਰਾਹਮਣਵਾਦੀ, ਨਿਕੱਰ ਧਾਰੀਆਂ ਦੀ ਵਿਚਾਰ ਧਾਰਾ ਨਾਲ ਜੁੜੇ ਹੋਏ ਲੋਕ ਹਨ ।

## ਜਿਸਦੀ ਸਭ ਤੋਂ ਵੱਡੀ ਅਤੇ ਪਹਿਲੀ ਉਦਾਹਰਣ ਹੈ ਲਛਮਣ ਚੇਲਾਰਾਮ:

**ਲਛਮਣ ਚੇਲਾਰਾਮ ਉਰਫ ਲਛਮਣ ਵਿਰੁੱਧ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰਨ,**
**ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਸਿੱਧੀ ਉਲੰਘਣਾ ਕਰਨ, ਆਪਣੇ ਦਿੱਲੀ, ਮੁੰਬਈ ਅਤੇ ਸੋਲਨ ਦੇ ਡੇਰੇਆਂ (ਮੰਦਰਾਂ) ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕਾਬਲੇ ਆਪਣੇ ਪਿਓ ਚੇਲਾਰਾਮ ਦੇ ਲਿੱਖੇ "ਨਿਰਗੁਣ ਗ੍ਰੰਥ" ਦਾ ਪ੍ਰਕਾਸ਼ ਕਰਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਤੇ ਰਾਧਾ ਕ੍ਰਿਸ਼ਨ ਅਤੇ ਹੋਰ ਦੇਵੀ ਦੇਵਤਿਆਂ ਦੀ ਮੂਰਤੀ ਰੱਖਕੇ ਉਹਨਾਂ ਦੀ ਪੂਜਾ ਕਰਣ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਤੇ ਆਪਣੇ ਮਾਂ ਪਿਓ ਦੀਆਂ ਫੋਟੋਆਂ ਸਥਾਪਿਤ ਕਰਣ, ਅਤੇ ਆਪਣੇ ਡੇਰੇਆਂ ਵਿੱਚ ਆਨਮਤਿ ਤਿਉਹਾਰ ਜਨਮਅਸ਼ਟਮੀ ਇਤੀਆਦ ਮਨਾਕੇ ਰਾਸਲੀਲਾ (ਗਰਬਾ, ਕਾਮੁਕਤਾ ਭਰਪੂਰ ਨਾਚ) ਕਰਵਾਉਣ ਦੇ ਗੰਭੀਰ ਦੋਸ਼ਾਂ ਤਹਿਤ ਮੁਕਦਮੇ ਪਿਛਲੇ ਡੇਡ ਸਾਲਾਂ ਤੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਵਿਚਾਰਅਧੀਨ ਪਏ ਹਨ।**

ਇਹ ਸੱਭ ਕੁੱਝ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆਂ ਉੜਾਉਣ ਅਤੇ ਪੰਥ ਨੂੰ ਮੂੰਹ ਚਿੜਾਉਣ ਵਾਲੀਆਂ ਗੱਲਾਂ ਹਨ । ਚੇਲਾਰਾਮ ਦੇ ਇਹਨਾਂ ਕਾਰਨਾਮਿਆਂ ਸੰਬੰਧੀ ਸਮੂਹ ਦਸਤਾਵੇਜ਼ਾਂ ਵੀਡੀਓ ਇਤਿਆਦ ਸਮੇਤ ਅਕਾਲ ਤਖ਼ਤ ਸਾਹਿਬ ਤੇ ਪਏ ਸਮੁਚੇ ਮੁਕਦਮੇ ਦੀ ਫਾਈਲ ਇੰਦੌਰ ਦੇ ਬਹੁਤ ਸਾਰੇ ਜਿੰਮੇਵਾਰ ਗੁਰਸਿੱਖਾਂ ਤਕ ਪਹੁੰਚ ਚੁਕੀ ਹੈ ਅਤੇ ਇਹ ਸਾਰੀ ਜਾਣਕਾਰੀ ਅਤੇ ਵਿਡੀਓ www.panthic.org ਅਤੇ www.sikhcomputer.co.nr ਤੇ ਵੀ ਉਪਲਬਧ ਹੈ।ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਵਿੱਚ ਸਪਸ਼ਟ ਆਦੇਸ਼ ਹੈ ਕਿ ਸੰਗਤ ਵਿੱਚ ਕੀਰਤਨ ਜਾਂ ਕਥਾ ਕੇਵਲ ਸਿੱਖ ਹੀ ਕਰ ਸਕਦਾ ਹੈ । **ਫਿਰ ਪ੍ਰੋਗ੍ਰਾਮ ਦੇ ਆਯੋਜਕਾਂ ਦੁਆਰਾ ਸਿੱਖ ਰਹਿਤ ਮਰਯਾਦਾ ਦੀ ਧੱਜੀਆਂ ਕਿਓ ਉੜਾਈਆਂ ਜਾ ਰਹੀ ਹੈ?**

## ਪ੍ਰੋਗ੍ਰਾਮ ਵਿੱਚ ਸੱਦਿਆ ਜਾ ਰਿਹਾ ਦੂਜਾ ਵਿਅਕਤੀ ਹੈ ਸੁਆਮੀ ਅਗਨੀਵੇਸ਼:

ਸੁਆਮੀ ਅਗਨੀਵੇਸ਼ ਇਸ ਸਮੇਂ ਆਰੀਆ ਸਮਾਜ ਦਾ ਮੁੱਖੀ ਹੈ । ਆਰੀਆ ਸਮਾਜ ਦੇ ਸੰਸਥਾਪਕ ਅਤੇ ਪਹਿਲੇ ਮੁੱਖੀ ਸੁਆਮੀ ਦਯਾਨੰਦ ਨੇ ਆਰੀਆ ਸਮਾਜ ਦੇ ਧਰਮ ਗ੍ਰੰਥ **"ਸਤਿਆਰਥ ਪ੍ਰਕਾਸ਼"** ਵਿੱਚ ਸ਼੍ਰੀ ਗੁਰੂ ਨਾਨਕ ਸਾਹਿਬ ਬਾਰੇ ਘੋਰ ਨਿੰਦਾਜਨਕ ਗੱਲਾਂ ਬਹੁਤ ਭੈੜੀ ਸ਼ਬਦਾਵਲੀ ਵਿੱਚ ਲਿਖੀਆਂ ਹਨ ਅਤੇ ਨਾਲ ਹੀ ਸ਼੍ਰੀ ਹਰਮੰਦਰ ਸਾਹਿਬ ਅਤੇ ਪੰਜ ਕਕਾਰਾਂ ਵਿਰੁੱਧ ਵੀ ਗਲਤ ਬਿਆਨੀਆਂ ਕੀਤੀਆਂ ਹਨ । ਕੀ ਅਜਿਹੀ ਜਮਾਤ ਦਾ ਵਿਅਕਤੀ ਹੁਣ ਸਾਡੇ ਧਰਮ ਬਾਰੇ ਸਾਡੀ ਹੀ ਸਟੇਜ ਤੋਂ ਸਾਨੂੰ ਹੀ ਸਮਝਾਵੇਗਾ ?

ਪ੍ਰੋਗ੍ਰਾਮ ਵਿੱਚ ਕੁੱਝ ਸਿੱਖ ਚੇਹਰਿਆਂ ਵਾਲੇ ਵਿਦਵਾਨਾਂ ਵਿੱਚੋਂ ਡਾ. ਜੋਧ ਸਿੰਘ ਅਤੇ ਡਾ. ਮਹੀਪ ਸਿੰਘ ਦਾ ਨਾਂ ਪ੍ਰਮੁੱਖ ਹੈ।ਇਹ ਦੋਵੇਂ ਸੱਜਣ ਵੀ ਸਮੇਂ – ਸਮੇਂ ਤੇ ਸਿੱਖ ਧਰਮ ਦੀ ਬ੍ਰਾਹਮਣਵਾਦੀ ਵਿਆਖਿਆ ਕਰਕੇ ਵਿਵਾਦਾਂ ਦੇ ਘੇਰੇ ਵਿੱਚ ਆਏ ਹਨ ।

ਪ੍ਰੋਗ੍ਰਾਮ ਵਿੱਚ ਇੰਦੌਰ, ਅਤੇ ਮੱਧ ਪ੍ਰਦੇਸ਼ ਦੇ ਸਿੱਖਾਂ ਨੂੰ ਸਿੱਖੀ ਬਾਰੇ ਉਪਦੇਸ਼ ਦੇਣ ਲਈ ਬਹੁਤ ਸਾਰੇ ਇਹੋ ਜਿਹੇ ਬੁਲਾਰੇ ਆ ਰਹੇ ਹਨ ਜਿੰਨਾਂ ਨੇ ਆਪ ਹੁਣ ਤਕ ਸਿੱਖ ਧਰਮ ਧਾਰਣ ਕਰਣਾ ਤਾਂ ਦੂਰ ਦਾੜੀ ਕੇਸ਼ ਰੱਖਕੇ ਸਾਬਤ ਸੂਰਤ ਹੋਣਾ ਵੀ ਜ਼ਰੂਰੀ ਨਹੀਂ ਸਮਝਿਆ।

ਇਹ ਗੱਲ ਵੀ ਵਰਣਨਯੋਗ ਹੈ ਕਿ ਬੜੇ ਹੀ ਸਾਜਸ਼ਪੂਰਨ ਤਰੀਕੇ ਨਾਲ ਇਹਨਾਂ ਲੋਕਾਂ ਵੱਲੋਂ ਸਿੱਖਾਂ ਅਤੇ ਦਲਤਾਂ ਨੂੰ ਆਪਸ ਵਿੱਚ ਲੜਵਾਉਣ ਲਈ ਅਤੇ ਫੁੱਟ ਪਾਉਣ ਲਈ ਭਗਤ ਰਵਿਦਾਸ ਜੀ ਦੇ ਨਾਮ ਨਾਲ ਗੁਰੂ ਲਫਜ ਲਗਾ ਕੇ ਉਹਨਾਂ ਨੂੰ ਗੁਰੂ ਰਵਿਦਾਸ ਕਹਿਕੇ ਸੰਬੋਧਨ ਕੀਤਾ ਜਾਂਦਾ ਹੈ ਅਤੇ ਇਸ ਕਾਂਨਫਰੈਂਸ ਸੰਬੰਧੀ ਪ੍ਰਕਾਸ਼ਿਤ ਸਾਹਿੱਤ ਵਿੱਚ ਵੀ ਭਗਤ ਰਵਿਦਾਸ ਜੀ ਨੂੰ ਗੁਰੂ ਰਵਿਦਾਸ ਹੀ ਕਿਹਾ ਗਿਆ ਹੈ ।

## ਸਨਿਮਰ ਬੇਨਤੀ:

**ਸਾਹਮਣੇ ਸਪਸ਼ਟ ਦਿੱਸ ਰਹੇ ਸਾਰੇ ਹਲਾਤਾਂ ਸਬੂਤਾਂ ਤੋਂ ਇਹ ਸਪਸ਼ਟ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਵਰਤ ਕੇ ੧੦ ਤੋਂ ੧੨ ਫਰਵਰੀ ਤਕ ਇੰਦੌਰ ਵਿਖੇ ਅਖੌਤੀ ਵਿਚਾਰ ਮੰਚ ਵੱਲੋਂ ਕੀਤੀ ਜਾ ਰਹੀ ਕਾਂਨਫਰੈਂਸ ਸਿੱਖਾਂ ਉਪਰ ਬੌਧਿਕ, ਸਿਧਾਂਤਿਕ, ਵਿਚਾਰਧਾਰਿਕ ਹਮਲਾ ਕਰਨ, ਵਾਦਵਿਵਾਦ ਪੈਦਾ ਕਰਨ, ਭੰਭਲਭੂਸੇ ਖੜੇ ਕਰਨ, ਸਿੱਖ ਸਮਾਜ ਵਿੱਚ ਆਪਸੀ ਫੁੱਟ ਪਾਉਣ ਅਤੇ ਸ਼ਾਂਤਮਈ ਮਾਹੌਲ ਨੂੰ ਖ਼ਰਾਬ ਕਰਣ ਲਈ ਕੀਤੀ ਜਾ ਰਹੀ ਹੈ। ਇਸ ਲਈ ਸਾਡੀ ਸਿੱਖ ਸੰਗਤਾਂ ਅਤੇ ਸਮੂਹ ਗੁਰੂਨਾਨਕ ਨਾਮ ਲੇਵਾਂ ਪਰੇਮੀਆਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਉਹ ਇਸ ਪ੍ਰੋਗ੍ਰਾਮ ਦਾ ਮੁਕੰਮਲ ਤੌਰ ਤੇ ਬਾਈਕਾਟ ਕਰਨ ਅਤੇ ਬਿਪਰਵਾਦੀ ਰਾਸ਼ਟ੍ਰੀਯ ਸਿੱਖ ਸੰਗਤ ਦੇ ਨਵੇਂ ਨਕਾਬ ਹੇਠ ਆਉਣ ਦੀ ਸਾਜ਼ਿਸ਼ ਨੂੰ ਅਸਫਲ ਬਣਾਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।**

# ਦਾਸਰੇ:

# ਅਖੰਡ ਕੀਰਤਨੀ ਜੱਥਾ

# ਗੁਰਸਿੱਖ ਸੰਸਥਾ

# ਸ਼ਹਿਬਾਜ਼ ਖ਼ਾਲਸਾ

